ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਵੱਲ

ਸਮੂਹ ਪ੍ਰਿੰਸੀਪਲ,
ਸਰਕਾਰੀ /ਪ੍ਰਾਇਵੇਟ ਸਕੂਲ/ਪ੍ਰਾਇਵੇਟ ਇੰਚਟੀਟਿਊਟਸ
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ -5/1()/2022/1110 ਮਿਤੀ:ਬਠਿੰਡਾ 10-03-2023

ਵਿਸ਼ਾ- ਪੋਸਟ ਮੈਟ੍ਰਿਕ ਐਸ.ਸੀ 2022-23 ਅਧੀਨ ਅਪਲਾਈ ਕੀਤੇ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਨੂੰ ਆਧਾਰ ਕਾਰਡ ਨਾਲ ਸੀਡਿਡ ਕਰਵਾਉਣ ਅਤੇ ਆਧਾਰ ਬੇਸਡ ਪੇਮੈਂਟ ਕਰਨ ਸਬੰਧੀ।

ਹਵਾਲਾ ਨੰ:ਦਫਤਰ ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਪੰਜਾਬ ਜੀ ਦੇ ਪੱਤਰ ਨੰ: ਈ.ਫਾਇਲ ਨੰ: 426559 ਮਿਤੀ: ਐਸ.ਏ.ਐਸ.ਨਗਰ 07-03-2023 ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਐਸ.ਸੀ 2022-23 ਦੇ ਵਜੀਫੇ ਨਾਲ ਸਬੰਧਤ ਜੋ ਵੀ ਲਾਭਪਾਤਰੀ ਹਨ ਉਹਨਾਂ ਦੇ ਬੈਂਕ ਖਾਤੇ ਆਧਾਰ ਕਾਰਡ ਨਾਲ ਸੀਡ ਕਰਵਾਉਣ ਲਈ ਕਿਹਾ ਗਿਆ ਸੀ ਅਤੇ ਆਪ ਵੱਲੋਂ ਸਰਟੀਫਿਕੇਟ ਵੀ ਦਿੱਤੇ ਜਾ ਚੁੱਕੇ ਹਨ ਕਿ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਕਾਰਡ ਨਾਲ ਸੀਡ ਕਰਵਾ ਦਿੱਤੇ ਗਏ ਹਨ।ਜਦ ਕਿ ਐਨ.ਆਈ.ਸੀ ਪੰਜਾਬ ਅਨੁਸਾਰ ਨਾਲ ਨੱਥੀ ਲਿਸਟ ਵਿੱਚ ਦਰਜ ਵਿਦਿਆਰਥੀਆਂ ਦੇ ਆਧਾਰ ਕਾਰਡ ਬੈਂਕ ਅਕਾਂਊਂਟ ਨਾਲ ਸੀਡ ਨਹੀਂ ਹੋਏ।ਇਸ ਲਈ ਵਿਭਾਗ ਵੱਲੋਂ ਇਸ ਸਬੰਧੀ ਗੰਭੀਰ ਨੋਟਿਸ ਲਿਆ ਗਿਆ ਹੈ।ਸੋ ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਲਿਸਟ ਵਿੱਚ ਦਰਜ ਵਿਦਿਆਰਥੀਆਂ ਦੇ ਖਾਤੇ ਆਧਾਰ ਨਾਲ ਸੀਡ ਕਰਵਾ ਲਏ ਜਾਣ ਤਾਂ ਜੋ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਰਾਸ਼ੀ ਟ੍ਰਾਂਸਫਰ ਕੀਤੀ ਜਾ ਸਕੇ।ਇਸ ਸਬੰਧੀ ਇਸ ਦਫਤਰ ਵੱਲੋਂ ਗੂਗਲ ਸ਼ੀਟ ਬਣਾਈ ਗਈ ਹੈ।ਜਿਸ ਵਿੱਚ ਆਪ ਵੱਲੋਂ ਰਿਮਾਰਕਸ ਕਾਲਮ ਵਿੱਚ ਲਿਖਿਆ ਜਾਵੇਗਾ ਕਿ ਸਬੰਧਤ ਵਿਦਿਆਰਥੀ ਦਾ ਖਾਤਾ ਆਧਾਰ ਨਾਲ ਸੀਡ ਕਰਵਾ ਦਿੱਤਾ ਗਿਆ ਹੈ।ਜੇਕਰ ਕਿਸੇ ਵਿਦਿਆਰਥੀ ਦਾ ਖਾਤਾ ਨਵਾਂ ਖੁਲਵਾਇਆ ਗਿਆ ਹੈ ਤਾਂ ਰਿਮਾਰਕਸ ਕਾਲਮ ਵਿੱਚ ਨਵੇ ਖਾਤੇ ਦਾ ਵੇਰਵਾ ਅਤੇ ਆਧਾਰ ਸੀਡ ਹੋ ਚੁੱਕਾ ਹੈ ਲਿਖ ਦਿੱਤਾ ਜਾਵੇ।ਗੂਗਲ ਸ਼ੀਟ ਦਾ ਲਿੰਕ ਹੇਠਾਂ ਦਿੱਤਾ ਹੈ-

Click Here

10/3/23

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਬਠਿੰਡਾ